# ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ

**www.chandigarh.gov.in**

# ਪ੍ਰੈਸ ਨੋਟ

ਚੰਡੀਗੜ੍ਹ, 17 ਅਗਸਤ :- ਅਨੁਸੂਚਿਤ ਜਾਤੀ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਿੱਤ ਅਤੇ ਵਿਕਾਸ ਕਾਰਪੋਰੇਸ਼ਨ ਚੰਡੀਗੜ੍ਹ ਨੇ ਅੱਜ ਸਨੇਹਾਲਿਆ ਵੋਕੇਸ਼ਨਲ ਟ੍ਰੇਨਿੰਗ ਸੈਂਟਰ ਮਲੋਆ ਚੰਡੀਗੜ੍ਹ ਵਿਚ 'ਸਰਟੀਫਿਕੇਟ ਵੰਡ ਸਮਾਰੋਹ' ਦਾ ਆਯੋਜਨ ਕੀਤਾ। ਕਾਰਪੋਰੇਸ਼ਨ ਦੁਆਰਾ ਚਲਾਏ ਜਾ ਰਹੇ ਸਨੇਹਾਲਿਆ ਚੰਡੀਗੜ੍ਹ ਵਿਚ ਸਫਲਤਾਪੂਰਵਕ ਆਪਣਾ ਕੋਰਸ ਪੂਰਾ ਕਰ ਚੁੱਕੇ 66 ਉਮੀਦਵਾਰਾਂ ਨੂੰ ਟਰੇਡ ਸਰਟੀਫਿਕੇਟ ਦਿੱਤੇ ਗਏ। ਸਮਾਜ਼ ਭਲਾਈ ਡਾਇਰੈਕਟਰ ਸ਼੍ਰੀਮਤੀ ਵੰਦਨਾ ਡਸੂਜ਼ਾ ਇਸ ਸਮਾਰੋਹ ਵਿਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਈ। ਇਸ ਤੋਂ ਇਲਾਵਾ ਸਫਲਤਾਪੂਰਵਕ ਟ੍ਰੇਨਿੰਗ ਕੋਰਸ ਪੂਰਾ ਕਰ ਚੁੱਕੇ ਲਾਭਭੋਗੀਆਂ ਨੂੰ 96,173 ਰੁਪਏ ਵਜ਼ੀਫੇ ਵਜੋਂ ਪ੍ਰਦਾਨ ਕੀਤੇ ਗਏ।

ਸਮਾਰੋਹ ਦੌਰਾਨ ਡਾ. ਡਸੂਜ਼ਾ ਨੇ ਕਿਹਾ ਕਿ ਅਜਿਹੇ ਸਮਾਰੋਹ ਆਯੋਜਤ ਕਰਨ ਦਾ ਮੁੱਖ ਮੰਤਵ ਟਰੇਡ ਸਰਟੀਫਿਕੇਟ ਪ੍ਰਦਾਨ ਕਰਨਾ ਹੈ ਅਤੇ ਪ੍ਰਸ਼ਾਸਨ ਦੁਆਰਾ ਚਲਾਈਆਂ ਜਾ ਰਹੀਆਂ ਵਿੱਤ ਸਕੀਮਾਂ ਦੇ ਬਾਰੇ ਵਿਚ ਲਾਭਕਾਰੀਆਂ ਨੂੰ ਜਾਣਕਾਰੀ ਦੇਣਾ ਹੈ। ਇਹਨਾਂ ਸਕੀਮਾਂ ਅਧੀਨ ਪ੍ਰਦਾਨ ਕੀਤੀ ਜਾਣ ਵਾਲੀ ਵਿੱਤੀ ਸਹਾਇਤਾ ਨਾਲ ਉਹ ਆਪਣਾ ਕਾਰੋਬਾਰ ਚਲਾ ਸਕਦੇ ਹਨ ਜਿਸ ਉਤੇ ਵਿਆਜ਼ ਦੀ ਦਰ ਸਲਾਨਾ 3 ਪ੍ਰਤੀਸ਼ਤ ਤੋਂ 6 ਪ੍ਰਤੀਸ਼ਤ ਹੁੰਦੀ ਹੈ ਅਤੇ ਉਹ ਇਸ ਨੂੰ 36 ਮਹੀਨਿਆਂ ਤੋਂ 60 ਮਹੀਨਿਆਂ ਤੱਕ ਦੇ ਸਮੇਂ ਅੰਦਰ ਵਾਪਸ ਕਰ ਸਕਦੇ ਹਨ। ਸਮਾਜ਼ ਭਲਾਈ ਦੀ ਡਾਇਰੈਕਟਰ ਨੇ ਕਿਹਾ ਕਿ ਕਰਜ਼ ਲੈਣ ਦੀ ਪ੍ਰਕਿਰਿਆ ਆਸਾਨ ਕਰ ਦਿੱਤੀ ਗਈ ਹੈ ਅਤੇ 25000 ਤੱਕ ਦਾ ਕਰਜ਼ ਲੈਣ ਲਈ ਸਰਕਾਰੀ ਕਰਮਚਾਰੀ ਦੀ ਜਮਾਨਤ ਦੇਣ ਦੀ ਜਰੂਰਤ ਨਹੀਂ ਹੋਵੇਗੀ ਅਤੇ ਤੀਸਰੀ ਪਾਰਟੀ ਦੁਆਰਾ ਭਰੀ ਆਈ.ਟੀ.ਆਰ ਦੀ ਕਾਪੀ ਵੀ ਮਨਜੂਰ ਕੀਤੀ ਜਾ ਸਕਦੀ ਹੈ।

ਕਾਰਪੋਰੇਸ਼ਨ ਚੰਡੀਗੜ੍ਹ ਦੁਆਰਾ ਭਿੰਨ ਭਿੰਨ ਟਰੇਡਾਂ ਜਿਵੇਂ ਕੰਪਿਊਟਰ ਸਾਫਟਵੇਅਰ ਕੋਰਸ, ਕਟਿੰਗ ਅਤੇ ਟੇਲਰਿੰਗ, ਡਰੈੱਸ ਡਿਜ਼ਾਇਨਿੰਗ ਅਤੇ ਬਿਊਟੀ ਕਲਚਰ ਵਿਚ ਵੋਕੇਸ਼ਨਲ ਟ੍ਰੇਨਿੰਗ ਪ੍ਰਦਾਨ ਕੀਤੀ ਰਹੀ ਹੈ। ਟ੍ਰੇਨਿੰਗ ਬਿਨਾਂ ਕਿਸੇ ਲਾਗਤ ਦੇ ਪ੍ਰਦਾਨ ਕੀਤੀ ਜਾਂਦੀ ਹੈ ਅਤੇ ਅਨੁਸੂਚਿਤ ਜਾਤੀਆਂ ਨਾਲ ਸੰਬੰਧਿਤ ਲਾਭਕਾਰੀਆਂ ਨੂੰ ਵਜੀਫੇ ਵੀ ਦਿੱਤੇ ਜਾਂਦੇ ਹਨ। ਭਿੰਨ ਭਿੰਨ ਕੋਰਸਾਂ ਦਾ ਸਮਾਂ ਚਾਰ ਮਹੀਨੇ ਤੋਂ ਇੱਕ ਸਾਲ ਤੱਕ ਦਾ ਹੈ।